# ਦਫ਼ਤਰ ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ।

## ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਈ.ਬਲਾਕ, ਫੇਜ਼-8,

### ਐੱਸ.ਏ.ਐੱਸ.ਨਗਰ।

ਵੱਲ

ਪੰਜਾਬ ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਪੰਜਾਬ।

ਈ.ਫਾਈਲ ਨੰ.418378
ਮਿਤੀ ਐੱਸ.ਏ.ਐੱਸ.ਨਗਰ: 16-03-2023

**ਵਿਸ਼ਾ:** **ਪੋਸਟ ਮੈਟ੍ਰਿਕ ਸਕਲਰਸ਼ਿਪ ਸਕੀਮ ਅਧੀਨ ਐੱਸ.ਸੀ. ਵਿੱਦਿਆਰਥੀਆ ਦੇ ਸਰਟੀਫਿਕੇਟ ਨਾ ਰੋਕਣ, ਸਬੰਧੀ।**

**ਹਵਾਲਾ:** **ਉਪਰਕੋਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ. 418378 ਮਿਤੀ 15-2-2023 ਦੀ ਲਗਾਤਾਰਤਾ ਵਿੱਚ।**

**ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ (ਨਾਲ਼ ਨੱਥੀ) ਭੇਜਦੇ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਮਾਨਯੋਗ ਹਾਈਕੋਰਟ ਵਲੋਂ ਸੀ.ਡਬਲਿਊ.ਪੀ. 10671 ਵਿੱਚ ਮਿਤੀ 8.8.2022 ਨੂੰ ਹੇਠ ਲਿਖੇ ਅਨੁਸਾਰ ਹੋਏ ਹੁਕਮਾਂ ਦੀ ਪਾਲਣਾ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ ਤੋਂ ਕਰਵਾਉਣੀ ਯਕੀਨੀ ਬਣਾਈ ਜਾਵੇ-**

1.0 CWP 10671-2022 *8.8.2022 has ordered as follows:-*

*"................... In addition, it may be observed that certificate of a student are his/her individual property. No other institution /individual can retain the same without lawful authority. If something is due from a student or a student is required to do something lawfully stipulated upon refusal, recourse can be taken to means provided under the law for ensuring compliance. Adopting the method of retaining original certificates/documents is unfair to say the least..........."*

2.0 ਉਪਰੋਕਤ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਗਿਆ ਸੀ ਕਿ ਆਪ ਦੇ ਅਧੀਨ ਆਉਂਦੇ ਸਮੂਹ ਸਕੂਲਾਂ ਤੋਂ ਇੱਕ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਕਿ ਸਮੂਹ ਸਕੂਲਾਂ ਵਲੋਂ ਕਿਸੇ ਐੱਸ.ਸੀ. ਵਿੱਦਿਆਰਥੀ ਦਾ ਸਰਟੀਫਿਕੇਟ ਨਹੀਂ ਰੋਕਿਆ ਗਿਆ ਹੈ। ਪਰੰਤੂ ਅਜੇ ਤੱਕ ਇਸ ਸਬੰਧੀ ਆਪ ਵਲੋਂ ਐੱਸ.ਸੀ. ਵਿੱਦਿਆਰਥੀਆਂ ਦੇ ਸਰਟੀਫਿਕੇਟ ਨਾ ਰੋਕਣ ਸਬੰਧੀ ਸਰਟੀਫਿਕੇਟ ਇਸ ਦਫ਼ਤਰ ਵਿਖੇ ਪ੍ਰਾਪਤ ਨਹੀਂ ਹੋਇਆ ਹੈ।

ਆਪ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਲੜੀ ਨੰ.1.0 ਅਨੁਸਾਰ ਮਾਨਯੋਗ ਹਾਈਕੋਰਟ ਦੇ ਫੈਸਲੇ ਸਬੰਧੀ ਸਮੂਹ ਸਕੂਲਾਂ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਤੋਂ ਇਲਾਵਾ ਲੜੀ ਨੰ. 2.0 ਅਨੁਸਾਰ ਹਦਾਇਤ ਕੀਤੀ ਜਾਂਦੀ ਹੈ ਕਿ ਮਾਨਯੋਗ ਹਾਈਕੋਰਟ ਦੇ ਉੱਕਤ ਹੁਕਮਾਂ ਦੀ ਰੌਸ਼ਨੀ ਵਿੱਚ ਆਪ ਜੀ ਦੇ ਅਧੀਨ ਆਉਂਦੇ ਸਮੂਹ ਸਕੂਲਾਂ ਤੋਂ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਕਿ ਕਿਸੇ ਐੱਸ.ਸੀ. ਵਿੱਦਿਆਰਥੀ ਦਾ ਸਰਟੀਫਿਕੇਟ ਨਹੀਂ ਰੋਕਿਆ ਗਿਆ ਹੈ। ਸਕੂਲਾਂ ਤੋਂ ਪ੍ਰਾਪਤ ਕੰਨਸੋਲੀਡੇਟਡ ਸੂਚਨਾ ਦੇ ਆਧਾਰ ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਵਲੋਂ ਇੱਕ ਸਰਟੀਫਿਕੇਟ ਇਸ ਦਫ਼ਤਰ ਨੂੰ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਅੰਦਰ ਭੇਜਣਾ ਯਕੀਨੀ ਬਣਾਇਆ ਜਾਵੇ ਕਿ ਐੱਸ.ਸੀ. ਵਿੱਦਿਆਰਥੀ ਦਾ ਸਰਟੀਫਿਕੇਟ ਨਹੀਂ ਰੋਕਿਆ ਗਿਆ ਹੈ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਹਰਜੀਤ 16.03.2023

ਸਹਾਇਕ ਡਾਇਰੈਕਟਰ (ਵਜ਼ੀਫ਼ਾ)